# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਹਿਤ
22 ਫਰਵਰੀ, 2022

ਵਿੱਤ ਮੰਤਰਾਲਾ

## ਬਜਟ 2022 ਸਾਨੂੰ ਬੀ.ਸੀ. ਨੂੰ ਹੋਰ ਵੀ ਮਜ਼ਬੂਤ ਬਣਾਉਣ ਲਈ ਇਕੱਠਿਆਂ ਮਿਲਕੇ ਅੱਗੇ ਵਧਾਉਂਦਾ ਹੈ

ਵਿਕਟੋਰੀਆ - ਬਜਟ 2022 ਸਰਕਾਰ ਦੇ ਉਹਨਾਂ ਵਿਕਲਪਾਂ ਨੂੰ ਦਰਸਾਉਂਦਾ ਹੈ, ਜੋ ਬੀ.ਸੀ. ਦੀਆਂ ਆਰਥਕ, ਵਾਤਾਵਰਣਕ ਅਤੇ ਸਮਾਜਕ ਸ਼ਕਤੀਆਂ ਵਿੱਚ ਨਿਵੇਸ਼ ਕਰ ਕੇ, ਬੀ.ਸੀ. ਨੂੰ ਹੋਰ ਵੀ ਮਜ਼ਬੂਤ (Stronger BC) ਬਣਾਉਣ ਅਤੇ ਲੋਕਾਂ ਲਈ ਜੀਵਨ ਨੂੰ ਬਿਹਤਰ ਬਣਾਉਣ ਲਈ ਲੋੜੀਂਦੀਆਂ ਹਨ।

ਬਜਟ 2022 ਜਲਵਾਯੂ ਤਬਦੀਲੀ ਨਾਲ ਲੜਨ ਅਤੇ ਲੋਕਾਂ ਅਤੇ ਕਮਿਊਨੀਟੀਆਂ ਨੂੰ ਜਲਵਾਯੂ ਨਾਲ ਸਬੰਧਿਤ ਆਫਤਾਂ ਤੋਂ ਬਚਾਉਣ ਲਈ ਉੱਦਮੀ ਕਾਰਵਾਈਆਂ ਦਾ ਸਮਰਥਨ ਕਰਦਾ ਹੈ। ਇਸ ਤੋਂ ਇਲਾਵਾ, ਬਜਟ ਚਾਇਲਡ ਕੇਅਰ (ਬਾਲ ਸੰਭਾਲ) ਦੇ ਖਰਚਿਆਂ ਨੂੰ ਘੱਟ ਕਰ ਜੀਵਨ ਨੂੰ ਕਿਫ਼ਾਇਤੀ ਬਣਾਉਣ ਵਿੱਚ ਮਦਦ ਕਰਦਾ ਹੈ, ਬੇਘਰੀ ਦੀ ਰੋਕਥਾਮ ਕਰਨ ਲਈ ਇੱਕ ਵਿਸਤਰਿਤ ਪਹੁੰਚ ਪ੍ਰਦਾਨ ਕਰਦਾ ਹੈ, ਕਮਿਊਨੀਟੀਆਂ ਵਿਚਕਾਰ ਡਿਜਿਟਲ ਸਰੋਤਾਂ ਤੱਕ ਪਹੁੰਚ ਦੇ ਫਰਕ ਨੂੰ ਖਤਮ ਕਰਨ ਅਤੇ ਇੱਕ ਸੰਮਿਲਤ ਅਤੇ ਟਿਕਾਊ ਅਰਥ ਵਿਵਸਥਾ ਨੂੰ ਵਿਕਸਤ ਕਰਨ ਲਈ ਲੋੜੀਂਦੇ ਨਿਵੇਸ਼ ਕਰਦਾ ਹੈ, ਅਤੇ ਜਨਤਕ ਸੇਵਾਵਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਦਾ ਹੈ, ਜਿੰਨ੍ਹਾਂ 'ਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕ ਨਿਰਭਰ ਕਰਦੇ ਹਨ।

ਵਿੱਤ ਮੰਤਰੀ ਸੈਲੀਨਾ ਰੌਬਿਨਸਨ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਸਾਰਿਆਂ ਦਾ ਭਲਾ ਉਦੋਂ ਹੁੰਦਾ ਹੈ ਜਦੋਂ ਅਸੀਂ ਇਕੱਠਿਆਂ ਕੰਮ ਕਰਦੇ ਹਾਂ ਅਤੇ ਇੱਕ ਦੂਜੇ ਦਾ ਧਿਆਨ ਰੱਖਦੇ ਹਾਂ। ਚੱਲ ਰਹੀ ਮਹਾਂਮਾਰੀ ਤੋਂ ਲੈ ਕੇ ਜਲਵਾਯੂ ਨਾਲ ਸਬੰਧਿਤ ਆਫਤਾਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਤੱਕ – ਅਸੀਂ ਹਾਲ ਹੀ ਵਿੱਚ ਵੱਡੇ ਪੱਧਰ 'ਤੇ ਸਮੱਸਿਆਵਾਂ ਦਾ ਸਾਹਮਣਾ ਕੀਤਾ ਹੈ, ਜਿਸ ਲਈ ਸਰਕਾਰ ਦੀ ਅਗਵਾਈ ਅਤੇ ਸਮੂਹਿਕ ਕਾਰਵਾਈ ਦੀ ਲੋੜ ਹੈ। "ਸਾਨੂੰ ਪਤਾ ਹੈ ਕਿ ਸਾਡੀ ਅਰਥ ਵਿਵਸਥਾ ਦੀ ਮਜ਼ਬੂਤੀ ਕਮਿਊਨੀਟੀਆਂ, ਜਲਵਾਯੂ ਅਤੇ ਲੋਕਾਂ ਦੀ ਖੁਸ਼ਹਾਲੀ ਨਾਲ ਜੁੜੀ ਹੋਈ ਹੈ।"

ਜਿੱਥੇ ਬੀ.ਸੀ. ਦਾ ਮਹਾਂਮਾਰੀ ਦੇ ਪ੍ਰਭਾਵਾਂ ਨਾਲ ਨਜਿੱਠਣਾ ਜਾਰੀ ਹੈ, ਬਜਟ 2022 ਸੂਬੇ ਦੀ ਮਜ਼ਬੂਤੀ ਨੂੰ ਹੋਰ ਪੱਕਾ ਕਰਦਾ ਹੈ, ਅਤੇ ਜੋ ਸਹੀ ਹੈ, ਉਸ ਪ੍ਰਤੀ ਸਥਿਰ ਰਹਿੰਦਾ ਹੈ: ਲੋਕਾਂ ਨੂੰ ਪਹਿਲ ਦੇਣਾ।

### ਲੋਕਾਂ ਨੂੰ ਪਹਿਲ ਦੇ ਕੇ ਇੱਕ ਵਧੇਰੇ ਮਜ਼ਬੂਤ ਸਮਾਜ ਬਣਾਉਣਾ

- ਫੁੱਲ-ਡੇਅ ਚਾਇਲਡ ਕੇਅਰ, ਪ੍ਰੀਸਕੂਲ ਅਤੇ ਸਕੂਲ ਤੋਂ ਪਹਿਲਾਂ ਅਤੇ ਬਾਦ ਵਿੱਚ ਸੰਭਾਲ ਲਈ ਔਸਤ ਫੀਸਾਂ ਨੂੰ ਘਟਾ ਕੇ $20 ਪ੍ਰਤੀ ਦਿਨ ਕਰਦੇ ਹੋਏ ਮਾਪਿਆਂ ਦੇ ਖਰਚਿਆਂ ਵਿੱਚ ਬਚਤ ਕਰਨਾ, ਅਤੇ ਇਸ ਦੇ ਨਾਲ ਹੀ ਅਗਲੇ ਸੱਤ ਸਾਲਾਂ ਵਿੱਚ 40,000 ਨਵੀਆਂ ਲਾਇਸੰਸਸ਼ੁਦਾ ਥਾਵਾਂ ਪ੍ਰਦਾਨ ਕਰਨਾ।
- ਤੁਹਾਡੇ ਨਜ਼ਦੀਕ ਬੇਹਤਰ ਹੈਲਥ ਕੇਅਰ ਵਾਸਤੇ, ਜ਼ਰੂਰੀ ਅਤੇ ਮੁੱਢਲੀ ਸਿਹਤ ਸੰਭਾਲ ਲਈ ਨਵੇਂ ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਂਟਰ, ਅਤੇ ਕੈਮਲੂਪਸ ਅਤੇ ਨਨਾਇਮੋ ਵਿੱਚ ਸ਼ੁਰੂਆਤੀ ਯੋਜਨਾਬੰਦੀ ਪੜਾਵਾਂ ਵਿੱਚ ਕੈਂਸਰ ਦੇਖਭਾਲ ਕੇਂਦਰ।
- ਫਰਸਟ ਨੇਸ਼ਨਜ਼ ਹੈਲਥ ਅਥੌਰਿਟੀ ਨਾਲ ਸਾਂਝੇ ਤੌਰ 'ਤੇ ਕੰਮ ਕਰ ਕੇ ਸੂਬੇ ਭਰ ਵਿੱਚ 15 ਤੱਕ ਫਰਸਟ ਨੇਸ਼ਨਜ਼ ਪ੍ਰਾਇਮਰੀ ਕੇਅਰ ਸੈਂਟਰ ਬਣਾਉਣਾ ਜਾਰੀ ਰੱਖਣਾ।
- ਬੇਘਰੀ ਨਾਲ ਨਜਿੱਠਣ ਅਤੇ ਇਸ ਨੂੰ ਰੋਕਣ ਲਈ, ਨਵੀਂ ਕੌਂਪਲੈਕਸ ਕੇਅਰ ਹਾਊਸਿੰਗ, ਸਾਂਝੇ ਸਹਿਯੋਗ ਅਤੇ ਰੈਂਟ ਸਪਲੀਮੈਂਟ (ਕਿਰਾਏ ਲਈ ਭੁਗਤਾਨ ਵਿੱਚ ਮਦਦ) ਅਤੇ ਉਹਨਾਂ ਨੌਜਵਾਨਾਂ ਵਾਸਤੇ 27 ਸਾਲਾਂ ਦੀ ਉਮਰ ਤੱਕ ਸਹਾਇਤਾ ਦਾ ਵਿਸਤਾਰ ਕਰਨਾ ਜੋ ਸੰਭਾਲ ਤੋਂ ਬਾਹਰ ਹੋ ਗਏ ਹਨ।
- ਜਿਨਸੀ ਅਤੇ ਲਿੰਗ-ਅਧਾਰਿਤ ਹਿੰਸਾ ਦੇ ਪੀੜਤਾਂ ਦੀ ਸਹਾਇਤਾ ਕਰਨ ਲਈ, ਲਗਭਗ 50 ਕਮਿਊਨੀਟੀ-ਅਧਾਰਿਤ ਜਿਨਸੀ ਹਮਲੇ ਨਾਲ ਨਜਿੱਠਣ ਵਾਲੀਆਂ ਸੰਸਥਾਵਾਂ ਨੂੰ ਸਥਿਰ ਫ਼ੰਡ ਸਹਾਇਤਾ ਪ੍ਰਦਾਨ ਕਰ ਕੇ ਜਿਨਸੀ ਹਮਲੇ ਦੇ ਪੀੜਤਾਂ ਨੂੰ ਸਹਿਯੋਗ ਦੇਣਾ।

**ਸਾਡੇ ਭਵਿੱਖ ਲਈ ਇੱਕ ਵਧੇਰੇ ਮਜ਼ਬੂਤ ਵਾਤਾਵਰਨ ਬਣਾਉਣਾ**

- ਵਾਤਾਵਰਨ ਲਈ ਬੇਹਤਰ ਆਵਾਜਾਈ ਨੂੰ ਇੱਕ ਕਿਫ਼ਾਇਤੀ ਵਿਕਲਪ ਬਣਾ ਕੇ, ਲੋਅ ਕਾਰਬਨ ਫਿਊਲ ਸਟੈਂਡਰਡ ਦਾ ਵਿਸਤਾਰ ਕਰਕੇ, ਅਤੇ ਘਰ ਮਾਲਕਾਂ ਅਤੇ ਕਾਰੋਬਾਰਾਂ ਲਈ ਸਾਫ ਊਰਜਾ ਨੂੰ ਕਿਫ਼ਾਇਤੀ ਵਿਕਲਪ ਬਣਾ ਕੇ, ਬੀ.ਸੀ. ਦੇ ਘੱਟ-ਕਾਰਬਨ ਵਾਲੇ ਭਵਿੱਖ ਦਾ ਨਿਰਮਾਣ ਕਰਨਾ।
- ਮਹੱਤਵਪੂਰਣ ਪ੍ਰੋਜੈਕਟਾਂ ਨਾਲ ਵਧੇਰੇ ਮਜ਼ਬੂਤ ਬੁਨਿਆਦੀ ਢਾਂਚੇ ਦਾ ਨਿਰਮਾਣ ਅਤੇ ਪੁਨਰ-ਨਿਰਮਾਣ, ਬਰੌਡਵੇ ਸਬਵੇਅ, ਫਰੇਜ਼ਰ ਰਿਵਰ ਟੱਨਲ, ਪਟੈਲੋ ਬ੍ਰਿਜ, ਅਤੇ ਕਿੱਕਿੰਗ ਹੌਰਸ ਕੈਨਯਨ ਰਾਹੀਂ ਹਾਈਵੇਅ 1 ਨਿਰਮਾਣ ਅਧੀਨ ਹਨ ਅਤੇ ਸਰ੍ਹੀ ਲੈਂਗਲੀ ਸਕਾਈਟ੍ਰੇਨ ਸਮੇਤ ਹੋਰ ਪ੍ਰੋਜੈਕਟ ਯੋਜਨਾਬੰਦੀ ਦੇ ਪੜਾਵਾਂ ਵਿੱਚ ਹਨ।
- ਬੀ ਸੀ ਵਾਇਲਡਫਾਇਰ ਸਰਵਿਸਿਜ਼ ਨੂੰ ਸਾਰਾ ਸਾਲ ਚੱਲਣ ਵਾਲੇ ਕਿਰਿਆਸ਼ੀਲ ਮਾਡਲ ਵਿੱਚ ਤਬਦੀਲ ਕਰਨਾ, ਕਮਿਊਨੀਟੀ ਐਮਰਜੈਂਸੀ ਪ੍ਰੀਪੇਅਰਡਨੈਸ ਫੰਡ ਰਾਹੀਂ ਸਥਾਨਕ ਸਰਕਾਰਾਂ ਨੂੰ ਜਲਵਾਯੂ ਨਾਲ ਸਬੰਧਿਤ ਆਫਤਾਂ ਲਈ ਤਿਆਰ ਰਹਿਣ ਲਈ ਸਹਿਯੋਗ ਦੇਣਾ, ਇੰਡੀਜਨਸ (ਮੂਲਵਾਸੀ) ਅਗਵਾਈ ਵਾਲੀਆਂ ਐਮਰਜੈਂਸੀ ਮੈਨੇਜਮੈਂਟ ਤਰਜੀਹਾਂ ਦਾ ਸਹਿਯੋਗ ਦੇਣਾ, ਅਤੇ ਕਲਾਇਮੇਟ ਪ੍ਰੀਪੇਅਰਡਨੈਸ ਐਂਡ ਅਡੈਪਟੇਸ਼ਨ ਸਟ੍ਰੈਟਜੀ ਰਾਹੀਂ ਜਲਵਾਯੂ ਨਾਲ ਸਬੰਧਿਤ ਆਫਤਾਂ ਤੋਂ ਲੋਕਾਂ ਅਤੇ ਕਮਿਊਨੀਟੀਆਂ ਦੀ ਰੱਖਿਆ ਕਰਨਾ।

**ਸਾਰਿਆਂ ਲਈ ਇੱਕ ਵਧੇਰੇ ਮਜ਼ਬੂਤ ਅਰਥ ਵਿਵਸਥਾ ਦਾ ਵਿਕਾਸ ਕਰਨਾ**

- ਇੱਕ ਨਵੇਂ ਡੈਕਲਰੇਸ਼ਨ ਐਕਟ ਸਕੱਤਰੇਤ ਦੀ ਸਿਰਜਣਾ ਕਰਨਾ, ਜੋ ਇਹ ਯਕੀਨੀ ਬਣਾਉਣ ਲਈ ਸਰਕਾਰ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਮਾਰਗ ਦਰਸ਼ਨ ਅਤੇ ਸਹਾਇਤਾ ਕਰੇਗਾ ਕਿ ਕਾਨੂੰਨ ਇੰਡੀਜਨਸ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਘੋਸ਼ਣਾ (ਯੂ ਐਨ ਡੈਕਲੇਰਸ਼ਨ ਔਨ ਦ ਰਾਈਟਜ਼ ਔਫ ਇੰਡੀਜਨਸ ਪੀਪਲਜ਼) ਦੇ ਅਨੁਰੂਪ ਹੋਵੇਗਾ, ਅਤੇ ਇੰਡੀਜਨਸ ਲੋਕਾਂ ਨਾਲ ਸਲਾਹ-ਮਸ਼ਵਰੇ ਅਤੇ ਸਹਿਯੋਗ ਨਾਲ ਵਿਕਸਤ ਕੀਤਾ ਜਾਵੇਗਾ।
- 280 ਤੋਂ ਵੱਧ ਦੂਰ-ਦੁਰਾਡੇ, ਪੇਂਡੂ ਅਤੇ ਇੰਡੀਜਨਸ ਕਮਿਊਨੀਟੀਆਂ ਨੂੰ ਹਾਈ ਸਪੀਡ ਇੰਟਰਨੈਟ ਨਾਲ ਜੋੜਨਾ, ਸਿਹਤ ਸੰਭਾਲ ਸੇਵਾਵਾਂ, ਸਿੱਖਿਆ, ਰੋਜ਼ਗਾਰ ਅਤੇ ਵਪਾਰ ਦੇ ਮੌਕਿਆਂ ਤੱਕ ਡਿਜਿਟਲ ਪਹੁੰਚ ਵਿੱਚ ਸੁਧਾਰ ਕਰਨਾ।
- Stronger BC ਆਰਥਿਕ ਯੋਜਨਾ ਰਾਹੀਂ ਸਾਰਿਆਂ ਨੂੰ ਨਾਲ ਲੈ ਕੇ ਅਤੇ ਵਾਤਾਵਰਣ ਨੂੰ ਧਿਆਨ ਵਿੱਚ ਰੱਖ ਕੇ ਅੱਗੇ ਵੱਧਣਾ ਅਤੇ ਨਿਵੇਸ਼ ਕਰਨਾ, ਜਿਸ ਨਾਲ ਵਧੇਰੇ ਲੋਕਾਂ ਨੂੰ ਸਿਖਲਾਈ ਦੇ ਹੋਰ ਅਵਸਰ ਦਿੱਤੇ ਜਾਣ, ਬੀ.ਸੀ. ਦੀਆਂ ਲਾਈਫ ਸਾਇੰਸੀਸ, ਨਿਰਮਾਣ ਅਤੇ ਖੇਤੀਬਾੜੀ ਖੇਤਰ ਦਾ ਵਿਸਤਾਰ ਕਰਨਾ ਅਤੇ ਇੱਕ ਅਜਿਹੀ ਆਰਥਿਕਤਾ ਦਾ ਨਿਰਮਾਣ ਕਰਨਾ ਜੋ ਵਧੇਰੇ ਲੋਕਾਂ ਲਈ ਕੰਮ ਕਰਦੀ ਹੈ।
- ਵਧੇਰੇ ਕਿਫ਼ਾਇਤੀ ਅਤੇ ਮਿਸ਼ਰਤ ਆਮਦਨ ਵਾਲੇ ਹਾਉਸਿੰਗ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਬਣਾਉਣ ਲਈ ਨਿਵੇਸ਼ ਵਿੱਚ ਤੇਜ਼ੀ ਲਿਆਉਣਾ।
- ਹੁਨਰਮੰਦ ਕਿੱਤਿਆਂ, ਹੈਲਥ ਕੇਅਰ ਅਤੇ ਲਾਈਫ ਸਾਇੰਸੀਸ ਦੇ ਖੇਤਰਾਂ ਵਿੱਚ ਸਿਖਲਾਈ ਦੇ ਮੌਕਿਆਂ ਵਿੱਚ ਨਿਵੇਸ਼ ਕਰਨਾ, ਅਤੇ ਕਮਿਊਨਿਟੀ ਬੈਨੇਫਿਟਜ਼ ਐਗਰੀਮੈਂਟਸ ਰਾਹੀਂ ਉਸਾਰੀ ਕਾਰਜਬਲਾਂ ਦਾ ਵਿਸਤਾਰ ਕਰਨਾ ਅਤੇ ਇਹਨਾਂ ਵਿੱਚ ਵਿਭਿੰਨਤਾ ਲਿਆਉਣਾ।

ਰੌਬਿਨਸਨ ਨੇ ਕਿਹਾ, "ਸਾਡੀ ਸਰਕਾਰ ਜਾਣਦੀ ਹੈ ਕਿ ਇੱਕ ਮਜ਼ਬੂਤ ਅਰਥ ਵਿਵਸਥਾ ਦਾ ਨਿਰਮਾਣ ਪਿੱਛੇ ਹਟਣ ਅਤੇ ਲੋਕਾਂ ਨੂੰ ਸਹਿਯੋਗ ਨਾ ਦੇਣ ਬਾਰੇ ਨਹੀਂ ਹੈ। ਬੀ.ਸੀ. ਨੂੰ ਹੋਰ ਵੀ ਮਜ਼ਬੂਤ ਬਣਾਉਣ ਲਈ ਸਾਡੇ ਨਿਵੇਸ਼ ਨੂੰ ਜਾਰੀ ਰੱਖ ਕੇ ਅਤੇ ਮਜ਼ਬੂਤ ਅਰਥ ਵਿਵਸਥਾ, ਮਜ਼ਬੂਤ ਵਾਤਾਵਰਨ ਅਤੇ ਮਜ਼ਬੂਤ ਸਮਾਜ ਬਣਾਉਣ ਲਈ ਸਾਡੇ ਵੱਲੋਂ ਸ਼ੁਰੂ ਕੀਤੇ ਕੰਮ ਨੂੰ ਜਾਰੀ ਰੱਖ ਕੇ, ਸਾਡਾ ਸੂਬਾ ਕੱਲ੍ਹ ਦੀਆਂ ਚੁਣੌਤੀਆਂ ਅਤੇ ਮੌਕਿਆਂ ਲਈ ਤਿਆਰ ਹੋ ਸਕੇਗਾ।"

ਬੀ.ਸੀ. ਕੋਵਿਡ -19 ਮਹਾਂਮਾਰੀ ਅਤੇ ਹਾਲ ਹੀ ਵਿੱਚ ਵਾਪਰੀਆਂ ਜਲਵਾਯੂ ਨਾਲ ਸਬੰਧਤ ਆਫਤਾਂ ਤੋਂ ਨਿਕਲਣ ਲਈ ਇੱਕ ਮਜ਼ਬੂਤ ਆਰਥਿਕ ਸਥਿਤੀ ਵਿੱਚ ਹੈ। 2021 ਵਿੱਚ ਸੂਬੇ ਦੀ ਆਰਥਿਕਤਾ ਵਿੱਚ ਅੰਦਾਜ਼ਨ 5.0% ਦਾ ਵਾਧਾ ਹੋਇਆ ਅਤੇ ਇਸ ਦੇ 2022 ਵਿੱਚ 4.0% ਅਤੇ 2023 ਵਿੱਚ 2.5% ਨਾਲ ਵਧਣ ਦਾ ਅਨੁਮਾਨ ਹੈ। ਬਜਟ 2022 ਦੀ ਤਿੰਨ-ਸਾਲਾ ਵਿੱਤੀ ਯੋਜਨਾ ਵਿੱਚ ਡੈਫ਼ਿਸਿਟ (ਘਾਟੇ) ਵਿੱਚ ਗਿਰਾਵਟ ਪੇਸ਼ ਕੀਤੀ ਗਈ ਹੈ**,** ਜਿਸ ਵਿੱਚ 2022-23 ਵਿੱਚ $5.5 ਬਿਲੀਅਨ ਦਾ ਅਨੁਮਾਨਤ ਘਾਟਾ ਹੈ ਜੋ 2024-25 ਵਿੱਚ ਘੱਟ ਕੇ $3.2 ਬਿਲੀਅਨ ਹੋ ਜਾਵੇਗਾ।

**ਸੰਪਰਕ**:
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724